# 60+ ਵਾਲਿਆਂ ਦੇ ਲਾਭਾਂ ਲਈ ਆਸਾਨ ਗਾਈਡ

## ਸਕੌਟਲੈਂਡ ਦੇ ਪਾਰਲੀਮੈਂਟ ਵਿੱਚ ਜਾਰੀ ਕੀਤੀ ਗਈ

**PUNJABI**

Housing for Older People

**ਸੂਚਨਾ ਪੱਤਰ**

ਇਹ ਨਿਊਜ਼ਲੈਟਰ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਵੀ ਉਪਲੱਬਧ ਹੈ

### 60+ ਵਾਲਿਆਂ ਦੇ ਲਾਭਾਂ ਲਈ ਆਸਾਨ ਗਾਈਡ

ਸਕੌਟਲੈਂਡ ਵਿੱਚ ਕਾਲੇ ਅਤੇ ਘੱਟ ਗਿਣਤੀ ਨਸਲੀ ਕਮਿਊਨਿਟੀ ਦੇ ਬਜ਼ੁਰਗ ਲੋਕਾਂ ਨੂੰ ਲਾਭ ਗੁੰਝਲਾਂ ਨਾਲ ਨਜਿੱਠਣ ਲਈ ਅਹਿਮ ਮਦਦ ਪ੍ਰਾਪਤ ਹੋਵੇਗੀ, ਨਵੀਂ **60+ ਵਾਲਿਆਂ ਦੇ ਲਾਭਾਂ ਲਈ ਆਸਾਨ ਗਾਈਡ** ਦੇ ਜਾਰੀ ਕੀਤੇ ਜਾਣ ਨਾਲ।

ਇਹ ਗਾਈਡ ਟਰੱਸਟ, ਹੈਨੋਵਰ (ਸਕੌਟਲੈਂਡ) ਅਤੇ ਬੀਅਲਡ ਹਾਊਸਿੰਗ ਐਸੋਸੀਏਸ਼ਨਸ ਇਕੁਅਲ ਓਪਰਚੁਨਿਟਿਜ਼ ਪ੍ਰੋਗਰਾਮ ਵਲੋਂ ਮਿਲ ਕੇ ਵਿਕਸਿਤ ਕੀਤਾ ਗਿਆ ਅਤੇ **ਕਮਿਊਨਿਟਿਸ ਸਕੌਟਲੈਂਡ** ਵਲੋਂ ਸਰਪਰਸਤ ਕੀਤਾ ਗਿਆ ਹੈ। ਇਹ ਕਈ ਨਵੀਨਤਾਕਾਰੀ ਪ੍ਰੋਜੈਕਟਾਂ ਦੀ ਗਿਣਤੀ ਵਿਚੋਂ ਬਿਲਕੁਲ ਨਵਾਂ ਹੈ ਜੋ ਕਿ ਤਿੰਨ ਹਾਊਸਿੰਗ ਐਸੋਸਿਏਸ਼ਨਾਂ ਵਲੋਂ ਮਿਲ ਕੇ ਵਿਕਸਿਤ ਕੀਤਾ ਗਿਆ ਅਤੇ ਪਾਇਨੀਰਿੰਗ **ਪੈਨਸ਼ਨ ਬੈਨਿਫਿਟ ਆਊਟਰੀਚ ਪ੍ਰਾਜੈਕਟ** ਦਾ ਇੱਕ ਹਿੱਸਾ ਹੈ।



MSP ਸਾਰਾ ਬਾਅਏਕ ਨੇ ਨਵੀਂ ਗਾਈਡ ਜਾਰੀ ਕੀਤੀ

ਸਾਰਾ ਬਾਅਏਕ, ਐਡਿੰਬਰਾ ਸੈਂਟਰਲ ਲਈ ਲੇਬਰ MSP (ਵੇਖੋ ਫੋਟੋ), ਜਿੰਨਾਂ ਨੇ ਸਕਾਟਿਸ਼ ਪਾਰਲੀਯਾਮੈਂਟ ਵਿੱਚ ਇਹ ਨਵੀਂ ਗਾਈਡ ਜਾਰੀ ਕੀਤੀ, ਨੇ ਕਿਹਾ: "ਕਈ ਬਜੁਰਗ ਲੋਕ ਉਹ ਲਾਭ ਨਹੀਂ ਚੁੱਕਦੇ ਜਿੰਨਾਂ ਲਈ ਉਹ ਯੋਗ ਹੁੰਦੇ ਹਨ। ਉਹਨਾਂ ਦੇ ਰਾਹ ਵਿੱਚ ਕਈ ਰੁਕਾਵਟਾਂ ਹੁੰਦੀਆਂ ਹਨ, ਗਿਆਨ ਦੀ ਰੁਕਾਵਟ ਤੋਂ ਮਾਨਸਿਕ ਅਤੇ ਸ਼ਰੀਰਕ ਤਕ। ਜੇ ਇਸਦਾ ਮਤਲਬ ਹੋਇਆ ਕਿ ਬਜ਼ੁਰਗ ਉਸ ਨੂੰ ਗੁਆ ਰਹੇ ਹਨ, ਤਾਂ ਇਹ ਤ੍ਰਾਸਦੀ ਹੈ। ਮੈਂ ਟਰੱਸਟ, ਹੈਨੋਵਰ ਅਤੇ ਬੀਅਲਡ ਨੂੰ ਇਸ ਪਹਿਲ ਲਈ ਮੁਬਾਰਕ ਦੇਣਾ ਚਾਹੁੰਦੀ ਹਾਂ। ਇਹ ਦਸਤਾਵੇਜ ਪ੍ਰਕਾਸ਼ਿਤ ਕਰਾਉਣਾ ਇੱਕ ਉਪਲੱਬਧੀ ਹੈ।"

ਇਹ ਗਾਈਡ ਛੇ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ: ਅਰਬੀ, ਬੰਗਾਲੀ, ਚਾਈਨੀਸ (ਕੈਨਟੋਨੀਸ), ਅੰਗ੍ਰੇਜ਼ੀ, ਹਿੰਦੀ ਅਤੇ ਉਰਦੂ।

ਸਾਰਾ ਬਾਅਏਕ ਨੇ ਹਾਊਸਿੰਗ ਐਸੋਸਿਏਸ਼ਨਾਂ ਨੂੰ ਮੁਬਾਰਕ ਦਿੱਤੀ: "ਮੈ ਸੋਚਦੀ ਹਾਂ ਕਿ ਇਹ ਤੁਹਾਡੇ ਵਲੋਂ ਕੀਤੀ ਗਈ ਸਭ ਤੋਂ ਜ਼ਰੂਰੀ ਅਤੇ ਵਾਸਤਵਿਕ ਚੀਜ਼ ਹੈ। ਆਊਟਰੀਚ ਪ੍ਰਾਜੈਕਟ ਨੇ ਕਾਲੇ ਅਤੇ ਘੱਟ ਗਿਣਤੀ ਨਸਲੀ ਭਾਈਚਾਰਿਆਂ ਦੇ ਬਜੁਰਗ ਲੋਕਾਂ ਦੇ ਲਾਭਾਂ ਲਈ ਪਹਿਲੇ ਹੀ £400,000 ਇਕੱਠਾ ਕਰ ਲਿਆ ਹੈ। ਇਸਨੇ 200 ਤੋਂ ਵੱਧ ਲੋਕਾਂ ਦੀ ਮਦਦ ਕੀਤੀ ਹੈ। ਇਹ ਵਾਕਈ ਅਸਲੀ ਵਾਸਤਵਿਕ ਲਾਭ ਹੈ।"

**60+ ਵਾਲਿਆਂ ਦੇ ਲਾਭਾਂ ਲਈ ਆਸਾਨ ਗਾਈਡ** ਦੀ PDF ਡਾਊਨ-ਲੋਅਡ ਕਰਨ ਲਈ, ਕਿਰਪਾ ਸਾਡੀ ਵੈਬਸਾਈਟ **www.EqualityScotland.com** ਉਤੇ ਪਧਾਰੋ।

**ਅੰਕ 13**
**ਜਨਵਰੀ 2007**

**ਅੰਦਰ...**

ਪ੍ਰੋਜੇਕਟਾਂ ਉਤੇ ਅਪ-ਡੇਟ

Elgin ਸਮਾਗਮ

ਡਿਵੈੱਲਪਮੈਂਟਸ ਦਾ ਦੌਰਾ

ਦੀ ਹਾਊਸ ਕੀਅ

Trust Housing Association Ltd · HANOVER SCOTLAND · BIELD INDEPENDENCE FOR OLDER PEOPLE

www.EqualityScotland.com

## ਪੈਨਸ਼ਨ ਬੈਨਿਫਿਟ ਆਊਟਰੀਚ ਪ੍ਰਾਜੈਕਟ

ਪੈਨਸ਼ਨ ਬੈਨਿਫਿਟ ਆਊਟਰੀਚ ਪ੍ਰਾਜੈਕਟ ਨੇ ਆਪਣੇ 18-ਮਹੀਨੇ ਫੰਡਿੰਗ ਸਮੇਂ ਦੇ ਪੂਰੇ ਕਰ ਲਏ ਹਨ। ਇਸ ਸਮੇਂ ਵਿੱਚ ਇਸਨੇ BME ਬਜ਼ੁਰਗ ਲੋਕਾਂ ਦੇ ਲਾਭਾਂ ਲਈ ਤਕਰੀਬਨ £400,000 ਇਕੱਠੇ ਕਰ ਲਏ ਹਨ। 400 ਤੋਂ ਵੱਧ ਬਜ਼ੁਰਗ ਲੋਕਾਂ ਨੂੰ ਪਹੁੰਚ ਕੀਤੀ ਗਈ, 200 ਤੋਂ ਵੱਧ ਲੋਕਾਂ ਨੂੰ ਵਾਧੂ ਲਾਭ ਪ੍ਰਾਪਤ ਹੋਏ ਅਤੇ ਕਈਆਂ ਨੂੰ ਹੋਰ ਸੇਵਾਵਾਂ ਜਿਵੇਂ ਸੰਭਾਲ ਅਤੇ ਮੁਰੰਮਤ, ਸਮਾਜਿਕ ਸੇਵਾਵਾਂ ਅਤੇ ਹੋਰ ਸੇਵਾ ਪਰਦਾਤਾਵਾਂ ਦੇ ਸੰਪਰਕ ਵਿੱਚ ਕੀਤਾ ਗਿਆ।




ਇਹ ਪ੍ਰਾਜੈਕਟ ਸਿਰਫ ਆਮਦਨ ਨੂੰ ਅਧਿਕਤਮ ਕਰਨ ਬਾਰੇ ਨਹੀਂ ਸੀ, ਬਲਕਿ BME ਬਜ਼ੁਰਗ ਲੋਕਾਂ ਅਤੇ ਸਬੰਧਿਤ ਸੇਵਾ ਪਰਦਾਤਾਵਾਂ ਦੇ ਵਿਚਕਾਰ ਜਾਣਕਾਰੀ ਵਿੱਥ ਨੂੰ ਵੀ ਖਤਮ ਕਰਨਾ ਸੀ, ਅਤੇ ਨਾਲ ਹੀ ਉਹਨਾਂ ਨੂੰ ਉਪਲਬਧ ਗਿਆਨ ਅਤੇ ਹੋਰ ਸੇਵਾਵਾਂ ਨੂੰ ਪਹੁੰਚ ਕਰਨ ਲਈ ਮੁੱਢਲੇ ਤੱਤ ਪ੍ਰਦਾਨ ਕਰਨਾ ਸੀ। ਇਸ ਪ੍ਰਾਜੈਕਟ ਰਾਹੀਂ ਕਈ ਬਜ਼ੁਰਗ ਲੋਕਾਂ ਨੂੰ ਨਾ ਕੇਵਲ ਆਰਥਿਕ ਤੋਰ ਉਤੇ ਲਾਭ ਹੋਇਆ, ਪਰ ਉਹਨਾਂ ਦਾ ਵਿਸ਼ਵਾਸ ਵੀ ਵਧਿਆ (ਪਹਿਲੇ ਉਹ ਕਿਸੇ ਵੀ ਤਰਾਂ ਦੀ ਸੇਵਾ, ਲਾਭਾਂ ਸਮੇਤ, ਨੂੰ ਪਹੁੰਚ ਕਰਨ ਤੋਂ ਕਤਰਾਉਂਦੇ ਸਨ, ਅਤੇ ਸ਼ਕ ਵੀ ਕਰਦੇ ਸਨ)।

ਅਫਸੋਸ, ਕਿ ਇਸ ਯੋਜਨਾ ਲਈ ਖਰਚਾ ਮਿਲਣਾ ਖਤਮ ਹੋ ਚੁੱਕਾ ਹੈ, ਪਰ ਹੋਰ ਸ੍ਰੋਤਾਂ ਉਤੇ ਜ਼ੋਰ ਪਾਇਆ ਜਾ ਰਿਹਾ ਹੈ। ਇਸ ਥਾਂ ਨੂੰ ਵੇਖਦੇ ਰਹੋ!











60+ ਵਾਲਿਆਂ ਦੇ ਲਾਭਾਂ ਲਈ ਆਸਾਨ ਗਾਈਡ




## 'ਹੈਪੀ ਟੂ ਟਰਾਂਸਲੇਟ' ਲੋਗੋ

'ਹੈਪੀ ਟੂ ਟਰਾਂਸਲੇਟ' ਲੋਗੋ ਪਹਿਲ ਲਗਾਤਾਰ ਵੱਧ ਰਹੀ ਹੈ। ਮੂਲ ਸਤ ਆਗੂ ਸੰਸਥਾਵਾਂ ਤੋਂ ਇਲਾਵਾ, ਪੰਜ ਹੋਰ ਹੁਣੇ ਹੀ ਬੋਰਡ ਉਤੇ ਆ ਗਈਆਂ ਹਨ:

**ਕਰਾਊਨ ਆਫਿਸ ਪਰੋਕੁਰੇਟਰ ਫਿਸਕਲ ਸਰਵਿਸ**
**ਗਲੈਸਗੋ ਹਾਊਸਿੰਗ ਐਸੋਸੀਏਸ਼ਨ**
**ਗੋਵਨਹਿਲ ਹਾਊਸਿੰਗ ਐਸੋਸੀਏਸ਼ਨ**
**ਸਕਾਟਿਸ਼ ਰਿਫੂਜੀ ਕੌਂਸਲ**
**ਵੈਸਟ ਗਰੈਨਟਨ ਹਾਊਸਿੰਗ ਕੋ-ਆਪਰੇਟਿਵ**

ਇਹ ਨਵੀਆਂ ਸੰਸਥਾਵਾਂ ਆਗੂ ਸੰਸਥਾਵਾਂ ਵਲੋਂ ਪੇਸ਼ ਕੀਤੀਆਂ ਸੇਵਾਵਾਂ ਅਤੇ ਥਾਵਾਂ ਦੀ ਵਿਭਿੰਨਤਾ ਵਿੱਚ ਵਾਧਾ ਪਾ ਰਹੀਆਂ ਹਨ ਅਤੇ ਇਸਦਾ ਮਤਲਬ ਹੋਰ BME ਲੋਕ ਭਾਸ਼ਾ ਸਹਾਇਤਾ ਤੋਂ ਲਾਭ ਚੁੱਕ ਸਕਨਗੇ।

ਬਸੰਤ 2007 ਵਿੱਚ, ਸੰਸਥਾਵਾਂ ਲਈ ਮੈਂਬਰਸ਼ਿਪ ਅਰਜ਼ੀ ਕਾਰਜ ਖੁਲ ਜਾਵੇਗਾ ਜਿਸ ਨਾਲ ਅਰਜੀ ਇਸ ਪਹਿਲ ਵਿੱਚ ਹਿੱਸਾ ਲੈ ਸਕੇਗੀ। ਹੋਰ ਜਾਣਕਾਰੀ ਲਈ, ਕਿਰਪਾ ਸੰਪਰਕ ਕਰੋ ਲੋਗੋ ਡਿਵਲਪਮੈਂਟ ਅਫਸਰ, ਟਾਮਿਕੋ ਮੈਕੀ ਨੂੰ tmackie@trustha.org.uk ਉਤੇ ਜਾਂ 0131 444 4951 ਉਤੇ।

## ਜੌਬ ਓਪਰਚੁਨਿਟਿਜ਼ ਸੁਪੋਰਟ ਪ੍ਰਾਜੈਕਟ




ਨੌਕਰੀਆਂ ਦੇ ਮੌਕੇ ਲਈ ਸਹਿਯੋਗ (ਜੌਬ ਓਪਰਚੁਨਿਟਿਜ਼ ਸੁਪੋਰਟ ਪ੍ਰਾਜੈਕਟ) ਦਾ ਮੰਤਵ ਕਾਲੇ ਅਤੇ ਘੱਟ ਗਿਣਤੀ ਨਸਲੀ (BME) ਸੰਪਰਦਾਵਾਂ ਨੂੰ ਨੌਕਰੀਆਂ ਦੇ ਮੌਕਿਆਂ ਲਈ ਪਹੁੰਚ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਾ ਅਤੇ ਰੋਜ਼ਗਾਰ ਦੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ। ਇਸਨੂੰ **ਕਮਿਊਨਿਟਿਜ਼ ਸਕਾਟਲੈਂਡ** ਅਤੇ **ਕੈਪੀਟਲ ਸਿਟੀ ਪਾਰਟਨਰਸ਼ਿਪ** ਵਲੋਂ ਫੰਡ ਕੀਤਾ ਗਿਆ ਹੈ।

ਜੌਬ ਓਪਰਚੁਨਿਟਿਜ਼ ਡਿਵਿਲਪਮੈਂਟ ਅਫਸਰ, ਐਡਿੰਬਰਾ ਅਤੇ ਲੋਥਿਅਨ ਦੀ ਕਮਿਊਨਿਟੀ ਸੰਸਥਾਵਾਂ, ਹਾਊਸਿੰਗ ਅਤੇ ਪਬਲਿਕ ਸੈਕਟਰ ਮਾਲਕਾਂ ਅਤੇ ਵਿਅਕਤੀਆਂ ਜਿੰਨਾਂ ਨੂੰ ਸਹਿਯੋਗ ਅਤੇ ਦਿਸ਼ਾ-ਨਿਰਦੇਸ਼ ਚਾਹੀਦਾ ਹੈ, ਨੌਕਰੀ ਦੇ ਮੌਕਿਆਂ ਉਤੇ ਪਹੁੰਚ ਕਰਨ ਲਈ, ਉਹਨਾਂ ਨਾਲ ਮਿਲ ਕੇ ਕੰਮ ਕਰਨਾ ਜਾਰੀ ਰਖੇਗਾ।

ਕੁਝ ਨੌਕਰੀਆਂ ਦੁਆਉਣ ਦੇ ਅਮਲ ਦੀ ਸਮਾਪਤੀ ਬਹੁਤ ਸਫਲ ਪ੍ਰਮਾਣਿਤ ਹੋਈਆਂ ਹਨ। ਵਿਅਕਤੀਆਂ ਨੂੰ ਖਾਸ ਸਹਿਯੋਗ ਪੇਸ਼ ਕਰਨ ਲਈ ਸਮਾਨ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨਾਲ ਵੀ ਸਾਂਝੇਦਾਰੀ ਕੰਮ ਵਿਕਸਤ ਕੀਤਾ ਗਿਆ ਹੈ।

ਜੇ ਤੁਸੀਂ ਜਾਂ ਕਿਸੇ ਨੂੰ ਤੁਸੀਂ ਜਾਣਦੇ ਹੋ ਜੋ ਪ੍ਰੋਜੈਕਟ ਤੋਂ ਲਾਭ ਚੁੱਕ ਸਕਦਾ ਹੈ, ਕਿਰਪਾ ਸੰਪਰਕ ਕਰੋ ਨਸਰੀਨ ਅਮਜਦ ਨੂੰ 0131 444 4953 ਉਤੇ ਜਾਂ namjad@trustha.org.uk ਉਤੇ, ਜਾਂ ਸਾਡੀ ਵੈਬਸਾਈਟ **www.EqualityScotland.com** ਉਤੇ

## Elgin ਵਿੱਚ ਜਾਣਕਾਰੀ ਸਮਾਗਮ

ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਨੇ 11 ਅਕਤੂਬਰ 2006 ਨੂੰ Elgin, Morayshire ਵਿੱਚ ਇੱਕ ਜਾਣਕਾਰੀ ਅਤੇ ਨੈਟਵਰਕਿੰਗ ਸਮਾਗਮ ਕੀਤਾ। ਇਸਦਾ ਮਕਸਦ ਕਮਿਊਨਿਟੀਆਂ ਨੂੰ ਐਸੋਸੀਏਸ਼ਨਾਂ ਵਲੋਂ ਉਪਲਬਧ ਸੇਵਾਵਾਂ ਦੀ ਜਾਣਕਾਰੀ ਪ੍ਰਦਾਨ ਕਰਨਾ ਸੀ, ਅਤੇ ਪਹੁੰਚ ਸੇਵਾਵਾਂ ਵਿੱਚ ਬਰਾਬਰਤਾ ਨੂੰ ਬੜਾਵਾ ਦੇਣ ਦੀਆਂ ਪਹਿਲਕਦਮੀਆਂ ਨੂੰ ਵਿਕਸਿਤ ਕਰਨਾ ਸੀ। ਉਹ ਸ਼ਾਮ ਮਨੋਰੰਜਨ ਅਤੇ ਵੱਖ-ਵੱਖ ਤਰਾਂ ਦੇ ਨਸਲੀ ਖਾਣੇ (ਚੀਨੀ, ਭਾਰਤੀ ਅਤੇ ਪੌਲਿਸ਼ ਸਮੇਤ) ਨਾਲ ਭਰਪੂਰ ਸੀ। ਸਭ ਨੇ ਵਧੀਆ ਸਮਾਂ ਬਿਤਾਇਆ। ਉਹਨਾਂ ਸਾਰਿਆਂ ਨੂੰ ਵੱਡਾ ਧੰਨਵਾਦ ਜਿੰਨਾਂ ਨੇ ਸਮਾਗਮ ਨੂੰ ਪ੍ਰਬੰਧ ਕਰਨ ਵਿੱਚ ਮਦਦ ਕੀਤੀ ਅਤੇ ਇਸ ਵਿੱਚ ਸਮੂਲੀਅਤ ਕੀਤੀ!














## ਹਾਊਸਿੰਗ ਡਿਵਿਲਪਮੈਂਟਾਂ ਦਾ ਦੌਰਾ

ਮਾਇਨੌਰਿਟੀ ਏਥਨਿਕ ਕੇਅਰਰਸ ਫਾਰ ਓਲਡਰ ਪੀਪਲ ਪ੍ਰਾਜੈਕਟ (MECOPP) ਦੇ ਕੁਝ ਚੀਨੀ ਸੇਵਾ ਵਰਤਣ ਵਾਲਿਆਂ ਨੇ ਏਡੀਨਬਰਗ ਵਿੱਚ ਐਸੋਸੀਏਸ਼ਨਸ ਦਾ ਸ਼ੈਲਟਰਡ, ਵੈਰੀ ਸ਼ੈਲਟਰਡ ਅਤੇ ਕੇਅਰ ਹਾਊਸਿੰਗ ਦਾ ਦੌਰਾ ਕੀਤਾ। ਇਹਨਾਂ ਉਤੇ ਜਾਣ ਦਾ ਮੰਤਵ ਚਾਈਨੀਸ ਬਜ਼ੁਰਗ ਲੋਕਾਂ ਨੂੰ ਤਿੰਨ ਹਾਊਸਿੰਗ ਐਸੋਸੀਏਸ਼ਨਾਂ ਵਲੋਂ ਵੱਖ-ਵੱਖ ਤਰਾਂ ਦੀ ਉਪਲਬਧ ਹਾਊਸਿੰਗ ਬਾਰੇ ਜਾਣਕਾਰੀ ਦੇਣਾ ਸੀ।



# ਹਾਉਸ ਕੀਅ ਡਾਇਰੈਕਟਰੀ (House Key Directory)

ਹਾਉਸ ਕੀਅ ਡਾਇਰੈਕਟਰੀ ਇਕੱ ਨਵੀਂ ਵੈਬਸਾਈਟ ਅਤੇ ਟੈਲੀਫੋਨ ਹੈਲਪਲਾਈਨ ਹੈ, ਸਕਾਟਲੈਂਡ ਵਿੱਚ ਕਮਜ਼ੋਰ ਲੋਕਾਂ ਨੂੰ ਆਪਣੇ ਘਰਾਂ ਵਿੱਚ ਸੁਤੰਤਰ ਰਹਿਣ ਵਿੱਚ ਮਦਦ ਕਰਨ ਲਈ। ਇਹ ਸਕੌਟਿਸ਼ ਐਕਸਿਕਿਊਟਿਵ ਵਲੋਂ ਜਨਵਰੀ 2006 ਵਿੱਚ ਸ਼ੁਰੂ ਕੀਤੀ ਗਈ ਅਤੇ ਇਸ ਵਿੱਚ 7,000 ਹਾਊਸਿੰਗ ਸਹਿਯੋਗ ਸੇਵਾਵਾਂ ਦੀ ਸੂਚੀ ਹੈ ਜਿਸ ਨਾਲ ਕਈ ਤਰਾਂ ਦੇ ਲੋਕਾਂ ਨੂੰ ਲਾਭ ਹੋ ਸਕਦਾ ਹੈ, ਜਿਸ ਵਿੱਚ ਸ਼ਾਮਿਲ ਹਨਃ

- ਮਾਨਸਿਕ ਸਿਹਤ ਔਕੜਾਂ ਵਾਲੇ ਲੋਕ
- ਪਨਾਹਗੀਰ
- ਘਰੇਲੂ ਹਿੰਸਾ ਦੇ ਖਤਰੇ ਵਾਲੀਆਂ ਔਰਤਾਂ
- ਅਨੁਭੂਤੀ ਵਿਗਾੜ
- ਸਰੀਰਕ ਜਾਂ ਸਿੱਖਣ ਦੀ ਮੁਸ਼ਕਿਲ ਵਾਲੇ ਲੋਕ

THE HOUSE KEY

Scottish Directory of Housing Support Services

ਇਹ ਸਕਾਟਲੈਂਡ ਵਿੱਚ ਉਪਲੱਬਧ ਹਾਊਸਿੰਗ ਸੁਪੋਰਟ ਦੇ ਵੇਰਵੇ ਵੀ ਪ੍ਰਦਾਨ ਕਰਦੀ ਹੈ, ਜਿਵੇਂ:

- ਸੇਵਾ ਦਾ ਨਾਮ, ਉਹ ਕਿਥੇ ਹੈ ਅਤੇ ਕਿਸ ਨੂੰ ਸੰਪਰਕ ਕਰਨਾ ਹੈ
- ਇਹ ਸੇਵਾ ਕਿਸ ਕਿਸਮ ਦੇ ਵਿਅਕਤੀ ਲਈ ਹੈ
- ਮੌਜੂਦਾ ਉਪਲੱਬਧਤਾ
- ਜੇ ਰਿਹਾਇਸ਼ ਅਧਾਰਿਤ ਹੈ, ਤਾਂ ਸਹੂਲਤਾਂ ਦਾ ਜ਼ਿਕਰ, ਕਿ ਇਹ ਤੁਰਨ-ਫਿਰਨ ਦੀ ਮੁਸ਼ਕਿਲਾਂ ਵਾਲਿਆਂ ਲਈ ਯੋਗ ਹਨ, ਅਤੇ ਕੀ ਪਾਲਤੂ ਜਾਨਵਰਾਂ ਦੀ ਆਗਿਆ ਹੈ

ਡਾਇਰੈਕਟਰੀ ਦਾ ਮਕਸਦ ਵਿਸਤਰਤ ਜਾਣਕਾਰੀ ਪ੍ਰਦਾਨ ਕਰਨਾ ਹੈ ਸੇਵਾ ਵਰਤਣ ਵਾਲਿਆਂ ਨੂੰ, ਸੂਚਿਤ ਫੈਸਲੇ ਲੈਣ ਲਈ, ਪ੍ਰਦਾਤਿਆਂ ਨੂੰ ਸੰਪਰਕ ਕਰਨ ਲਈ ਅਤੇ ਸੇਵਾਵਾਂ ਲਈ ਅਰਜ਼ੀ ਭਰਨ ਵਿੱਚ ਮਦਦ ਕਰਨ ਲਈ। ਇਸ ਤੋਂ ਇਲਾਵਾ, ਇਹ ਮਾਹਿਰਾਂ ਅਤੇ ਜਿੰਨਾਂ ਨੂੰ ਸਹਿਯੋਗ ਚਾਹੀਦਾ ਹੈ, ਉਹਨਾਂ ਲੋਕਾਂ ਦੇ ਦੋਸਤਾਂ ਅਤੇ ਸਬੰਧੀਆਂ ਨੂੰ ਜਾਣਕਾਰੀ ਪੇਸ਼ ਕਰਦੀ ਹੈ। ਟੈਲੀਫੋਨ ਹੈਲਪਲਾਈਨ ਵਿੱਚ ਭਾਸ਼ਾ ਲਾਈਨ ਉਤੇ ਪਹੁੰਚ ਹੈ ਅਤੇ ਵੈਬਸਾਈਟ ਤੋਂ ਕੱਢ ਕੇ ਛਾਪੇ ਗਏ ਪ੍ਰਸੰਗ ਨੂੰ ਮੰਗ ਉਤੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਵਾਇਆ ਜਾ ਸਕਦਾ ਹੈ।

ਵੈਬਸਾਈਟ ਲਾਇਬਰੇਰੀ ਵਿੱਚ 200 ਤੋਂ ਵੱਧ ਡਾਊਨ-ਲੋਅਡ ਕਰਨ ਯੋਗ ਤੱਥ-ਪੱਤਰ, ਗਾਈਡਾਂ ਅਤੇ ਰਿਪੋਰਟਾਂ ਸ਼ਾਮਿਲ ਹਨ। ਇੱਕ ਗਲੋਸਰੀ ਪ੍ਰਦਾਨ ਕਰਦੀ ਹੈ ਉਹਨਾਂ ਸ਼ਬਦਾਂ ਦਾ ਸਿੱਧਾ ਮਤਲਬ ਜੋ ਸੇਵਾ ਵਰਤਣ ਵਾਲਿਆਂ ਦੀ ਨਜ਼ਰ ਵਿੱਚ ਆ ਸਕਦੇ ਹਨ।

ਸਾਰੀਆਂ ਸੇਵਾਵਾਂ ਨੂੰ ਕੇਅਰ ਕਮੀਸ਼ਨ ਦੇ ਰਾਹੀਂ ਰਜਿਸਟਰ ਕਰਨਾ ਪੈਂਦਾ ਹੈ ਅਤੇ ਵੈਬਸਾਈਟ ਉਤੇ ਜਾਣਕਾਰੀ ਲਗਾਤਾਰ ਅਪ-ਡੇਟ ਕੀਤੀ ਜਾਂਦੀ ਹੈ। ਕੁਝ ਲੋਕਲ ਅਥਾਰਿਟੀਆਂ ਸੇਵਾਵਾਂ ਨੂੰ ਫੰਡ ਕਰਦੀਆਂ ਹਨ, ਸੁਪੋਰਟਿੰਗ ਪੀਪਲ ਪ੍ਰੋਗਰਾਮ ਦੇ ਰਾਹੀਂ। ਜਿੰਨਾਂ ਲੋਕਾਂ ਨੂੰ ਸੇਵਾ ਚਾਹੀਦੀ ਹੈ, ਉਹਨਾਂ ਨੂੰ ਆਪਣੀ ਲੋਕਲ ਅਥਾਰਿਟੀ ਕੋਲੋਂ ਇੱਕ ਵਿੱਤੀ ਮੁਲਾਂਕਣ ਕਰਾਉਣ ਦੀ ਲੋੜ ਹੈ, ਇਹ ਨਿਸ਼ਚਿਤ ਕਰਨ ਲਈ ਕਿ ਉਹ ਯੋਗ ਹਨ, ਸ਼ੈਲਟਰਡ ਹਾਊਸਿੰਗ ਐਸੋਸੀਏਸ਼ਨਾਂ ਵਰਗੀਆਂ ਸੰਸਥਾਵਾਂ ਵੀ ਵਿਅਕਤੀ ਦਾ ਮੁਲਾਂਕਣ ਕਰਨਗੀਆਂ ਇਹ ਨਿਸ਼ਚਿਤ ਕਰਨ ਲਈ ਕਿ ਇਹ ਸੇਵਾ ਉਹਨਾਂ ਦੀ ਲੋੜ ਨੂੰ ਪੂਰਾ ਕਰਨ ਦੇ ਯੋਗ ਹੈ।

ਹਾਊਸ ਕੀਅ ਡਾਇਰੈਕਟਰੀ ਦੀ ਸਕੌਟਿਸ਼ ਐਕਜਿਕਿਊਟਿਵ ਲਈ ਐਲਡਰਲੀ ਐਕੋਮੋਡੇਸ਼ਨ ਕੌਂਸਲ ਵਲੋਂ ਸੰਭਾਲ ਕੀਤੀ ਜਾਂਦੀ ਹੈ। ਜੇ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ, ਹੈਲਪਲਾਈਨ ਨੂੰ **0845 271 2323** ਉਤੇ ਫੋਨ ਕਰੋ ਜਾਂ **www.thehousekey.org** ਉਤੇ ਲੌਗ-ਔਨ ਕਰੋ

# ਅੱਗੇ ਵੇਖ ਰਹੇ ਹਾਂ:

## ਪੈਨਸ਼ਨ ਬੈਨਿਫਿਟ ਫਾਈਂਡਿੰਗਸ ਰਿਪੋਰਟ

ਪੈਨਸ਼ਨ ਬੈਨਿਫਿਟ ਆਊਟਰੀਚ ਪ੍ਰਾਜੈਕਟ ਵਲੋਂ ਲੱਭਤਾਂ ਉਤੇ ਇੱਕ ਰਿਪੋਰਟ ਪੇਸ਼ ਕੀਤੀ ਜਾਵੇਗੀ ਜੋ ਕਿ BME ਬਜ਼ੁਰਗ ਲੋਕਾਂ ਨੂੰ ਬੈਨਿਫਿਟਾਂ ਉਤੇ ਪਹੁੰਚ ਕਰਨ ਲਈ ਦਰਪੇਸ਼ ਰੁਕਾਵਟਾਂ ਨੂੰ ਦਰਸਾਏਗੀ।

## ਸ਼ੈਲਟਰਡ ਹਾਊਸਿੰਗ ਦਾ ਕਾਰਜਨੀਤਿਕ ਪੁਨਰ ਨਿਰੀਖਣ - ਦੀ ਸਿਟੀ ਆਫ ਐਡਿੰਬਰਾ ਕੌਂਸਲ

ਸ਼ੈਲਟਰਡ ਹਾਊਸਿੰਗ ਵਿੱਚ ਰਹਿੰਦੇ BME ਬਜ਼ੁਰਗ ਲੋਕਾਂ ਅਤੇ ਸ਼ੈਲਟਰਡ ਹਾਊਸਿੰਗ ਦੀ ਭਾਲ ਕਰ ਰਹੇ BME ਬਜ਼ੁਰਗ ਲੋਕਾਂ ਦੀਆਂ ਲੋੜਾਂ ਦੀ ਲੱਭਤਾ ਉਤੇ ਰਿਪੋਰਟ ਹੁਣ www.edinburgh.gov.uk ਉਤੇ ਉਪਲਬਧ ਹੈ

## ਸਕਾਟਲੈਂਡ ਦੀ ਬਜ਼ੁਰਗ ਹੋ ਰਹੀ ਆਬਾਦੀ ਬਾਰੇ ਕਾਰਜਨੀਤੀ

ਸਕਾਟਲੈਂਡ ਵਿੱਚ ਭਾਰੀ ਸਲਾਹ-ਮਸ਼ਵਰੇ ਤੋਂ ਬਾਅਦ, ਸਕੌਟਿਸ਼ ਐਕਸਿਕਿਊਟਿਵ ਵਲੋਂ ਇੱਕ ਕਾਰਜਨੀਤੀ ਤਿਆਰ ਕੀਤੀ ਜਾਵੇਗੀ ਜੋ ਕਿ ਸਰਵਿਸ ਪ੍ਰੋਵਾਈਡਰਾਂ ਲਈ ਪਾਲਿਸੀਆਂ ਅਤੇ ਅਮਲ ਦੀ ਯੋਜਨਾ ਅਤੇ ਇਹਨਾਂ ਨੂੰ ਮੁਹੱਈਆ ਕਰਾਉਣ ਬਾਰੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰੇਗੀ।

## ਸਰਜਰੀਆਂ / ਜਾਣਕਾਰੀ

ਕੀ ਤੁਸੀਂ 60+ ਹੋ ਅਤੇ ਬਜ਼ੁਰਗ ਲੋਕਾਂ ਦੀ ਹਾਊਸਿੰਗ ਬਾਰੇ ਸਲਾਹ ਚਾਹੁੰਦੇ ਹੋ ਜਾਂ ਆਪਣੇ ਲਾਭਾਂ ਉਤੇ ਜਾਣਕਾਰੀ ਚਾਹੁੰਦੇ ਹੋ? ਦਿੱਤੀ ਜਾਣ ਵਾਲੀ ਸਲਾਹ ਭਰੋਸੇਯੋਗ ਹੋਵੇਗੀ, ਤੁਹਾਡੀ ਆਪਣੀ ਭਾਸ਼ਾ ਵਿੱਚ ਹੋਵੇਗੀ ਅਤੇ ਤੁਹਾਡੀ ਸਭ ਤੋਂ ਸਹੂਲੀਅਤ ਵਾਲੀ ਥਾਂ ਉਤੇ ਹੋਵੇਗੀ।

ਇਹ ਨਿਊਜ਼ਲੈਟਰ **ਟਰੱਸਟ, ਹੈਨੋਵਰ (ਸਕਾਟਲੈਂਡ)** ਅਤੇ **ਬੀਅਲਡ ਹਾਊਸਿੰਗ ਐਸੋਸੀਏਸ਼ਨ** ਵਲੋਂ ਮਿਲਵੀਂ ਪ੍ਰਕਾਸ਼ਨ ਹੈ। ਪਿਛਲੇ ਅੰਕ **www.EqualityScotland.com** ਉਤੇ ਵੇਖੇ ਜਾ ਸਕਦੇ ਹਨ। ਜੇ ਤੁਸੀਂ ਕੋਈ ਟਿੱਪਣੀ ਜਾਂ ਸੁਝਾਅ ਦੇਣਾ ਚਾਹੁੰਦੇ ਹੋ, ਜਾਂ ਜੇ ਤੁਸੀਂ ਆਪਣਾ ਸਮਾਗਮ ਜਾਂ ਪ੍ਰਾਜੈਕਟ ਚਾਹੁੰਦੇ ਹੋ ਕਿ ਪ੍ਰਕਾਸ਼ਿਤ ਹੋਵੇ, ਕਿਰਪਾ ਸੰਪਰਕ ਕਰੋ:

## ਬਰਾਬਰੀ ਦੇ ਮੌਕਿਆਂ ਦੀ ਟੀਮ


ਰੋਹਿਨੀ ਸ਼ਰਮਾ ਜੋਸ਼ੀ, ਹਾਊਸਿੰਗ ਇਕੁਅਲ ਓਪਰਚੁਨਿਟਿਜ਼ ਮੈਨੇਜਰ
ਟਾਮਿਕੋ ਮੈਕੀ, 'ਹੈਪੀ ਟੂ ਟਰਾਂਸਲੇਟ' ਲੋਗੋ ਡਿਵਿਲਪਮੈਂਟ ਅਫਸਰ
ਨਮਰੀਨ ਅਮਜਦ, ਜੌਬ ਓਪਰਚੁਨਿਟਿਜ਼ ਡਿਵਿਲਪਮੈਂਟ ਅਫਸਰ
ਆਈਸ਼ਾ ਨਦੀਮ, ਪੈਨਸ਼ਨ ਬੈਨਿਫਿਟ ਆਊਟਰੀਚ ਵਰਕਰ
ਜ਼ਾਕਰਾ ਅਲੀ, ਪ੍ਰਬੰਧਕੀ ਸਹਾਇਕ - zali@trustha.org.uk


ਸਾਨੂੰ ਤੁਹਾਡੇ ਕੋਲੋਂ ਸੁਣ ਕੇ ਖੁਸ਼ੀ ਹੋਵੇਗੀ।


Equal Opportunities Programme, Trust Housing Association,
12 New Mart Road, Edinburgh EH14 1RL
Tel: 0131 444 1200 Fax: 0131 444 4949


**EDINBURGH**

Trust HA
12 New Mart Road
Edinburgh EH14 1RL
Tel 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel 0131 557 0598
www.hsha.org.uk

Bield HA
79 Hopetoun Street
Edinburgh EH7 4QF
Tel 0131 273 4000
www.bield.co.uk

**GLASGOW**

Trust HA
25 Park Circus
Glasgow G3 6AP
Tel 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel 0141 353 1353
www.hsha.org.uk

Bield HA
12 Somerset Place
Glasgow G3 7JT
Tel 0141 270 7200
www.bield.co.uk

**www.EqualityScotland.com**